# QMONITOR

ONTARIO HEALTH QUALITY COUNCIL

## ਓਨਟੇਰੀਓ ਦੀ ਸਿਹਤ ਸੇਵਾ ਪ੍ਰਣਾਲੀ ਬਾਰੇ ਇੱਕ ਰਿਪੋਰਟ

ਸੰਨ 2006 ਵਿੱਚ ਓਨਟੇਰੀਓ ਹੈਲਥ ਕੁਆਲਿਟੀ ਕੌਂਸਲ *(Ontario Health Quality Council)* ਨੇ ਓਨਟੇਰੀਓ ਵਾਸੀਆਂ ਨਾਲ ਗੱਲਬਾਤ ਕਰਦਿਆਂ ਸੂਬੇ ਦਾ ਦੌਰਾ ਕੀਤਾ। ਤੁਸੀਂ ਸਾਨੂੰ ਦੱਸਿਆ ਕਿ ਤੁਹਾਨੂੰ ਇੱਕ ਅਜਿਹੀ ਸਿਹਤ ਸੰਭਾਲ ਪ੍ਰਣਾਲੀ ਚਾਹੀਦੀ ਹੈ ਜਿੱਥੇ ਲੋਕਾਂ ਨੂੰ ਸਹੀ ਸਮੇਂ ਤੇ, ਸਹੀ ਥਾਂ ਤੇ, ਸਹੀ ਸਿਹਤ ਮਾਹਿਰ ਵੱਲੋਂ ਸਹੀ ਇਲਾਜ ਹਾਸਲ ਹੋ ਸਕੇ। ਤੁਸੀਂ ਚਾਹੁੰਦੇ ਸੀ ਕਿ ਇਹ ਅਸਰਦਾਰ, ਸੁਰੱਖਿਅਤ, ਨਿਆਂਕਾਰੀ ਹੋਵੇ ਅਤੇ ਉਨ੍ਹਾਂ ਗੱਲਾਂ ਦੁਆਲੇ ਉਸਰਿਆ ਹੋਵੇ ਜੋ ਮਰੀਜ਼ਾਂ ਲਈ ਸਭ ਤੋਂ ਚੰਗੀਆਂ ਹੋਣ। ਤੁਸੀਂ ਇੱਕ ਸੁਚੱਜੀ ਪ੍ਰਣਾਲੀ ਦੀ ਉਮੀਦ ਕਰਦੇ ਹੋ ਜਿਸ ਵਿੱਚ ਕਾਰਜ ਅੰਜਾਮ ਦੇਣ ਲਈ ਚੋਖਾ ਪੈਸਾ, ਉਪਕਰਣ ਅਤੇ ਲੋਕ ਮੌਜੂਦ ਹੋਣ। ਕਿ ਤੁਸੀਂ ਚਾਹੁੰਦੇ ਹੋ ਕਿ ਪ੍ਰਣਾਲੀ ਦੇ ਵੱਖੋ-ਵੱਖਰੇ ਹਿੱਸੇ ਮਿਲ ਕੇ ਸਹੀ ਕਾਰਜ ਕਰਦੇ ਰਹਿਣ ਅਤੇ ਤੁਸੀਂ ਚਾਹੁੰਦੇ ਕਿ ਪ੍ਰਣਾਲੀ ਬੱਸ ਬਿਮਾਰੀ ਵੇਲ਼ੇ ਲੋਕਾਂ ਦਾ ਇਲਾਜ ਕਰਨ ਦੀ ਥਾਂ ਲੋਕਾਂ ਨੂੰ ਤੰਦਰੁਸਤ ਰੱਖੇ।

ਓਨਟੇਰੀਓ ਹੈਲਥ ਕੁਆਲਿਟੀ ਕੌਂਸਲ ਇੱਕ ਖ਼ੁਦਮੁਖਤਿਆਰ ਅਦਾਰਾ ਹੈ ਜਿਹੜਾ ਸੂਬੇ ਵਿੱਚ ਸਰਕਾਰੀ ਪੈਸੇ ਨਾਲ ਚਲਾਈ ਜਾਣ ਵਾਲੀ ਸਿਹਤ ਸੇਵਾ ਤੇ ਨਜ਼ਰਸਾਨੀ ਕਰਦਾ ਹੈ। ਸਾਡਾ ਕੰਮ ਹੈ ਕਿ ਸਿਹਤ ਪ੍ਰਣਾਲੀ ਦੇ ਵੱਖੋ-ਵੱਖਰੇ ਹਿੱਸਿਆਂ ਦਾ ਮੁਆਇਨਾ ਕਰੀਏ, ਇਸ ਬਾਰੇ ਸਖ਼ਤ ਸਵਾਲ ਪੁੱਛੀਏ, ਅਤੇ ਫਿਰ ਹਰ ਸਾਲ ਤੁਹਾਨੂੰ ਦੱਸੀਏ ਕਿ ਸਾਡੀ ਸਿਹਤ ਪ੍ਰਣਾਲੀ ਵਿੱਚ ਕੀ ਚੀਜ਼ ਕੰਮ ਕਰ ਰਹੀ ਹੈ ਅਤੇ ਕੀ ਕੰਮ ਨਹੀਂ ਕਰ ਰਹੀ।

**ਸਮੁੱਚੇ ਤੌਰ ਤੇ, ਪਿਛਲੇ ਸਾਲ ਵਿੱਚ ਸਹਿਜੇ-ਸਹਿਜੇ ਪਰ ਇਕਸਾਰ ਸੁਧਾਰ ਹੋਇਆ ਹੈ, ਪਰ ਵਿੱਚ ਖੱਪੇ ਵੀ ਮੌਜੂਦ ਹਨ।**

### ਸਾਡੀ 2007 ਦੀ ਰਿਪੋਰਟ ਇਨ੍ਹਾਂ ਗੱਲਾਂ ਤੇ ਧਿਆਨ ਦਿੰਦੀ ਹੈ:

- ਸਰਕਾਰੀ ਪੈਸੇ ਨਾਲ ਚਲਾਈ ਜਾਣ ਵਾਲੀ ਓਨਟੇਰੀਓ ਦੀ ਸਿਹਤ ਪ੍ਰਣਾਲੀ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੈ।
- ਸਿਹਤ ਪ੍ਰਣਾਲੀ ਦਾ ਮਿਆਰ ਸੁਧਾਰਨਾ।
- ਲੰਮੇ ਸਮੇਂ ਤਕ ਚੱਲਣ ਵਾਲੇ ਰੋਗਾਂ ਨੂੰ ਰੋਕਣਾ ਅਤੇ ਕਾਬੂ ਹੇਠ ਰੱਖਣਾ

ਇਹ ਸਾਰ ਸਿਰਫ਼ ਕੁੱਝ ਹੀ ਗੱਲਾਂ ਉਜਾਗਰ ਕਰਦਾ ਹੈ। ਤੁਸੀਂ ਸਾਲ 2007 ਲਈ ਸਾਡੀ ਮੁਕੰਮਲ ਰਿਪੋਰਟ **www.ohqc.ca** ਤੇ ਵੇਖ ਸਕਦੇ ਹੋ। ਇਸ ਤੋਂ ਤੁਹਾਨੂੰ ਸਿਹਤ ਸੇਵਾ ਦੀ ਹਾਲਤ ਬਾਰੇ ਵਧੇਰੇ ਪਤਾ ਲੱਗੇਗਾ।













# ਲੰਮੇਂ ਸਮੇਂ ਤਕ ਰਹਿਣ ਵਾਲੇ ਰੋਗਾਂ *(CHRONIC DISEASE)* ਬਾਰੇ

ਲੰਮੇ ਸਮੇਂ ਤਕ ਚੱਲਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਅਤੇ ਇਨ੍ਹਾਂ ਨੂੰ ਕਾਬੂ ਹੇਠ ਰੱਖਣ ਲਈ ਓਨਟੇਰੀਓ ਨੂੰ ਇੱਕ ਲੰਮੀ ਮਿਆਦ ਵਾਲੀ ਨੀਤੀ ਚਾਹੀਦੀ ਹੈ। ਸਿਹਤ ਪ੍ਰਣਾਲੀ ਨੂੰ ਅੰਤੜੀਆਂ ਦੀ ਸੋਜ ਅਤੇ ਕਾਰ ਹਾਦਸਿਆਂ ਵਿੱਚ ਲੱਗੀਆਂ ਸੱਟਾਂ ਵਰਗੀਆਂ ਨਾਜ਼ੁਕ ਮੁਸ਼ਕਲਾਂ ਦਾ ਸਾਮ੍ਹਣਾ ਕਰਨ ਲਈ ਵਿਉਂਤਿਆ ਗਿਆ ਸੀ। ਪਰ ਲੰਮੇ ਸਮੇਂ ਤਕ ਚੱਲਣ ਵਾਲੀਆਂ ਬਿਮਾਰੀਆਂ – ਦਮਾ, ਸ਼ੱਕਰ ਰੋਗ, ਮਾਨਸਿਕ ਰੋਗ ਅਤੇ ਚਰਬੀ ਭਰਨ ਕਾਰਣ ਦਿਲ ਦਾ ਦੌਰਾ ਪੈਣਾ – ਓਨਟੇਰੀਓ ਵਿੱਚ ਇਹ ਵੱਡੀਆਂ ਮੁਸ਼ਕਲਾਂ ਹਨ। ਇਹ ਬੇਹੱਦ ਸੰਤਾਪ ਦਾ ਕਾਰਣ ਹਨ ਅਤੇ ਸਿਹਤ ਉੱਤੇ ਹੋਣ ਵਾਲੇ ਓਨਟੇਰੀਓ ਦੇ ਖ਼ਰਚ ਦਾ 60 ਫੀ ਸਦੀ ਖ਼ਪਤ ਕਰ ਦਿੰਦੀਆਂ ਹਨ।

ਹਰ ਉਮਰ ਦੇ ਹਰ ਤਿੰਨ ਓਨਟੇਰੀਓ ਵਾਸੀਆਂ ਵਿੱਚੋਂ ਲਗਭਗ ਇੱਕ ਨੂੰ ਇੱਕ ਜਾਂ ਵਧੇਰੇ ਲੰਮਾ ਸਮਾਂ ਚੱਲਣ ਵਾਲੀ ਬਿਮਾਰੀ ਹੈ। 65 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਵਿੱਚੋਂ 5 ਵਿੱਚੋਂ ਲਗਭਗ 4 ਨੂੰ ਲੰਮਾ ਸਮਾਂ ਚੱਲਣ ਵਾਲੀ ਕੋਈ ਨਾ ਕੋਈ ਬਿਮਾਰੀ ਹੈ, ਅਤੇ ਉਨ੍ਹਾਂ ਚਾਰਾਂ ਵਿੱਚੋਂ 70 ਫੀ ਸਦੀ ਨੂੰ ਦੋ ਜਾਂ ਵਧੇਰੇ ਬਿਮਾਰੀਆਂ ਹਨ।

ਟਾਈਪ 2 ਸ਼ੱਕਰ ਰੋਗ ਹੋਣ ਦਾ ਖ਼ਤਰਾ ਦੱਖਣੀ ਏਸ਼ੀਆਈ ਅਤੇ ਲੈਟਿਨ ਅਮਰੀਕੀ ਮੂਲ ਦੇ ਲੋਕਾਂ ਨੂੰ ਵਧੇਰੇ ਹੈ। ਇਸ ਬਿਮਾਰੀ ਦਾ ਖ਼ਤਰਾ ਐਬਉਰਿਜਨਲ ਲੋਕਾਂ ਨੂੰ ਤਿੰਨ ਤੋਂ ਪੰਜ ਗੁਣਾ ਵਧੇਰੇ ਹੈ।

ਲੰਮਾ ਸਮਾਂ ਚੱਲਣ ਵਾਲੀਆਂ ਬਿਮਾਰੀਆਂ ਨੂੰ ਕਈ ਵਾਰੀ ਰੋਕਿਆ ਵੀ ਜਾ ਸਕਦਾ ਹੈ। ਮਿਸਾਲ ਵਜੋਂ, ਸਹੀ ਖ਼ੁਰਾਕ ਅਤੇ ਕਸਰਤ ਲਗਭਗ 80 ਫੀ ਸਦੀ ਮਾਮਲਿਆਂ ਵਿੱਚ ਬਾਲਗ਼ ਹਾਲਤ ਵਿੱਚ ਹੋਣ ਵਾਲੇ ਸ਼ੱਕਰ ਰੋਗ ਨੂੰ ਰੋਕ ਸਕਦੇ ਹਨ, ਜਾਂ ਗੁਰਦੇ ਫੇਲ੍ਹ ਹੋਣ ਅਤੇ ਅੰਨ੍ਹੇਪਣ ਵਰਗੇ ਇਸ ਦੇ ਸਭ ਤੋਂ ਭੈੜੇ ਖ਼ਤਰਿਆਂ ਨੂੰ ਕਾਬੂ ਹੇਠ ਰੱਖ ਸਕਦੇ ਹਨ। ਪਰ ਲੋਕਾਂ ਦੀ ਸਹੀ ਗਿਣਤੀ ਨੂੰ ਇਸ ਤਰ੍ਹਾਂ ਦੀ ਦੇਖ-ਰੇਖ ਨਸੀਬ ਨਹੀਂ ਹੋ ਰਹੀ ਜਿਸ ਨਾਲ ਸ਼ੱਕਰ ਰੋਗ ਦੇ ਅਜਿਹੇ ਅਸਰਾਂ ਨੂੰ ਰੋਕਿਆ ਜਾ ਸਕੇ।

ਲੰਮ ਮਿਆਦ ਲਈ ਇੱਕ ਨੀਤੀ, ਜਿਸ ਵਿੱਚ ਲੰਮਾਂ ਸਮਾਂ ਚੱਲਣ ਵਾਲੀਆਂ ਬਿਮਾਰੀਆਂ ਨਾਲ ਨਵੇਂ ਤਰੀਕੇ ਨਾਲ ਸਿੱਝਣ ਅਤੇ ਮਰੀਜ਼ਾਂ ਨੂੰ ਅਜਿਹੀਆਂ ਬਿਮਾਰੀਆਂ ਨਾਲ ਚੰਗੇਰੀ ਤਰ੍ਹਾਂ ਨਿਪਟਣ ਅਤੇ ਇਨ੍ਹਾਂ ਸਮੇਤ ਜ਼ਿੰਦਗੀ ਗੁਜ਼ਾਰਨ ਬਾਰੇ ਜਾਣਕਾਰੀ ਦੇਣਾ ਸ਼ਾਮਲ ਹੋਵੇ, ਓਨਟੇਰੀਓ ਵਾਸੀਆਂ ਦੀ ਸਿਹਤ ਸੁਧਾਰੇਗੀ ਅਤੇ ਸਿਹਤ ਪ੍ਰਣਾਲੀ ਤੇ ਵਿੱਤੀ ਭਾਰ ਘਟਾਵੇਗੀ।

## ਓਨਟੇਰੀਓ ਵਿੱਚ ਲੰਮਾਂ ਸਮਾਂ ਚੱਲਣ ਵਾਲੀਆਂ ਚੋਣਵੀਆਂ ਬਿਮਾਰੀਆਂ ਦੀ ਮੌਜੂਦਗੀ (%)




ਵਸੀਲਾ: ਹੈਲਥ ਇੰਡੀਕੇਟਰਜ਼ ਰਿਪੋਰਟ, ਸਟੈਟਿਸਟਿਕਸ ਕੈਨੇਡਾ, 2005. ਅੰਕੜੇ ਕੈਨੇਡੀਅਨ ਕਮਿਊਨਿਟੀ ਹੈਲਥ ਸਰਵੇ (ਸਾਈਕਲ 3.1, 2005) (ਸਟੈਟਿਸਟਿਕਸ ਕੈਨੇਡਾ) ਤੋਂ ਲਏ ਗਏ।

## ਲੰਮਾ ਸਮਾਂ ਚੱਲਣ ਵਾਲਾ ਰੋਗ – ਇੱਕ ਮਰੀਜ਼ ਦੀ ਕਹਾਣੀ

ਐਲੀਸ ਗੇਨਰ ਦੀ ਕਹਾਣੀ ਇਸ ਗੱਲ ਦੀ ਸਹੀ ਮਿਸਾਲ ਹੈ ਕਿ ਕਿਵੇਂ ਸਰਕਾਰੀ ਪੈਸੇ ਨਾਲ ਚੱਲਣ ਵਾਲਾ ਸੂ ਸੇਂਟ ਮਰੀ ਸ਼ਹਿਰ ਦਾ ਅਦਾਰਾ ਗਰੁੱਪ ਹੈਲਥ ਸੈਂਟਰ ਦਿਲ ਦੀਆਂ ਨਾੜੀਆਂ ਭੀੜੀਆਂ ਹੋ ਜਾਣ ਤੋਂ ਪੀੜਤ ਰੋਗੀਆਂ ਨੂੰ ਅਸਰਦਾਰ ਤਰੀਕੇ ਨਾਲ ਲੰਮਾ ਸਮਾਂ ਚੱਲਣ ਵਾਲੀ ਇਸ ਬਿਮਾਰੀ ਨਾਲ ਸਿੱਝਣ ਵਿੱਚ ਮਦਦ ਦੇ ਰਿਹਾ ਹੈ।

ਦਸ ਸਾਲ ਤੋਂ ਵੀ ਉੱਪਰ ਹੋ ਗਏ ਹਨ ਜਦੋਂ ਐਲੀਸ ਨੂੰ ਪਤਾ ਲੱਗਾ ਸੀ ਕਿ ਉਸ ਦੇ ਦਿਲ ਵਿੱਚ ਨਾੜੀਆਂ ਤੰਗ ਹੋ ਜਾਣ ਕਾਰਣ ਉਸ ਨੂੰ ਦਿਲ ਦਾ ਦੌਰਾ ਪਿਆ ਸੀ। ਉਸ ਨੂੰ ਪਤਾ ਸੀ ਕਿ ਇਹ ਲੰਮਾ ਸਮਾਂ ਚੱਲਣ ਵਾਲੀ ਬਿਮਾਰੀ ਹੈ ਜਿਸ ਦਾ ਮਤਲਬ ਹੈ ਕਿ ਉਸ ਦਾ ਦਿਲ ਸਹੀ ਖ਼ੂਨ ਨੂੰ ਸਹੀ ਤਰੀਕੇ ਨਾਲ ਨਾੜੀਆਂ ਵਿੱਚ ਨਹੀਂ ਭੇਜ ਰਿਹਾ, ਅਤੇ ਉਸ ਦੇ ਫੇਫੜਿਆਂ ਵਿੱਚ ਤਰਲ ਭਰ ਰਿਹਾ ਹੈ, ਜਿਸ ਕਾਰਣ ਉਸ ਲਈ ਸਾਹ ਲੈਣਾ ਅਤੇ ਨਿੱਤ ਜੀਵਨ ਦੇ ਕੰਮ-ਕਾਜ ਕਰਨੇ ਔਖੇ ਹੋ ਰਹੇ ਸਨ। ਪਰ ਕਿਸੇ ਨੇ ਵੀ ਉਸ ਨੂੰ ਇਹ ਨਹੀਂ ਸੀ ਦੱਸਿਆ ਕਿ ਤੰਦਰੁਸਤ ਰਹਿਣ ਲਈ ਉਸ ਨੂੰ ਕੀ ਕਰਨਾ ਚਾਹੀਦਾ ਸੀ, ਅਤੇ ਅਕਸਰ ਉਹ ਹਸਪਤਾਲ ਹੀ ਚਲੀ ਜਾਂਦੀ ਸੀ। ਇਹ ਕੋਈ ਗ਼ੈਰ-ਮਾਮੂਲੀ ਗੱਲ ਨਹੀਂ ਸੀ – ਲੰ ਮਾ ਸਮਾਂ ਚੱਲਣ ਵਾਲੀਆਂ ਬਿਮਾਰੀਆਂ ਵਾਲੇ ਬਹੁਤ ਸਾਰੇ ਓਨਟੇਰੀਓ ਦੇ ਲੋਕਾਂ ਨੂੰ ਆਪਣੇ ਰੋਗ ਨੂੰ ਕਾਬੂ ਹੇਠ ਰੱਖਣ ਲਈ ਸਹੀ ਜਾਣਕਾਰੀ ਨਹੀਂ ਮਿਲਦੀ।

ਫਿਰ ਐਲੀਸ ਆਪਣੀ ਬੇਟੀ ਦੇ ਨਜ਼ਦੀਕ ਰਹਿਣ ਲਈ ਸੂ ਸੇਂਟ ਮਰੀ ਸ਼ਹਿਰ ਚਲੀ ਗਈ। ਉੱਥੇ ਗਰੁੱਪ ਹੈਲਥ ਸੈਂਟਰ ਵਿਖੇ ਉਸ ਨੂੰ ਕੈਥੀ ਪਾਲੋਂਬੀ ਕੋਲ ਭੇਜਿਆ ਗਿਆ ਜੋ ਕਿ ਨਾੜੀਆਂ ਤੰਗ ਹੋ ਜਾਣ ਕਾਰਣ ਦਿਲ ਦਾ ਦੌਰਾ ਪੈਣ ਵਾਲੇ ਲੋਕਾਂ ਦੇ ਇੱਕ ਖ਼ਾਸ ਪ੍ਰੋਗਰਾਮ ਦੀ ਨਰਸ ਹੈ। ਕੈਥੀ ਦਾ ਕੰਮ ਸੀ ਐਲੀਸ ਨੂੰ ਸਿਖਾਉਣਾ ਕਿ ਆਪਣਾ ਧਿਆਨ ਕਿਵੇਂ ਰੱਖਣਾ ਹੈ।

ਕੈਥੀ ਨੇ ਐਲੀਸ ਨੂੰ ਦੱਸਿਆ ਕਿ ਉਸ ਨੂੰ ਪੀਣ ਵਾਲੇ ਤਰਲ ਪਦਾਰਥ ਘਟਾਉਣੇ ਚਾਹੀਦੇ ਹਨ। ਉਸ ਨੇ ਉਸ ਨੂੰ ਅਜਿਹੇ ਖਾਣਿਆ ਬਾਰੇ ਸਿੱਖਣ ਵਿੱਚ ਮਦਦ ਕੀਤੀ ਜੋ ਉਸ ਨੂੰ ਨਹੀਂ ਖਾਣੇ ਚਾਹੀਦੇ ਸਨ ਕਿਉਂਕਿ ਉਨ੍ਹਾਂ ਵਿੱਚ ਨਮਕ ਬਹੁਤ ਹੁੰਦਾ ਹੈ, ਅਤੇ ਉਸ ਨੂੰ ਕਸਰਤ ਕਰਨ ਲਈ ਉਤਸ਼ਾਹਿਤ ਕੀਤਾ। ਕੈਥੀ ਨੇ ਐਲੀਸ ਨੂੰ ਇਹ ਵੀ ਸਿਖਾਇਆ ਕਿ ਇਸ ਗੱਲ ਦਾ ਫੈਸਲਾ ਕਿਵੇਂ ਕਰਨਾ ਹੈ ਕਿ ਵਧੀਕ ਦੇਖ-ਰੇਖ ਦੀ ਲੋੜ ਹੈ ਜਾਂ ਨਹੀਂ ।

ਐਲੀਸ ਪਿਛਲੇ ਕਈ ਸਾਲਾਂ ਨਾਲੋਂ ਚੰਗਾ ਮਹਿਸੂਸ ਕਰ ਰਹੀ ਹੈ ਅਤੇ ਜੇ ਕਦੀ ਵੀ ਉਸ ਨੂੰ ਕੋਈ ਮੁਸ਼ਕਲ ਆਉਂਦੀ ਹੈ, ਉਹ ਕੈਥੀ ਨੂੰ ਫ਼ੋਨ ਕਰ ਸਕਦੀ ਹੈ ਅਤੇ ਡਾਕਟਰ ਆਪਣੇ ਕੰਪਿਊਟਰ ਵਿੱਚ ਭਰੇ ਉਸ ਦੇ ਸਿਹਤ ਰਿਕਾਰਡ ਤੋਂ ਚੈੱਕ ਕਰ ਸਕਦਾ ਹੈ ਕਿ ਉਸ ਦੀ ਸਿਹਤ ਕਿਵੇਂ ਹੈ। ਗਰੁੱਪ ਹੈਲਥ ਸੈਂਟਰ ਦਾ ਦਿਲ ਫੇਲ੍ਹ ਹੋ ਜਾਣ ਦਾ ਪ੍ਰੋਗਰਾਮ ਉਸੇ ਤਰ੍ਹਾਂ ਚੱਲ ਰਿਹਾ ਹੈ ਜਿਸ ਤਰ੍ਹਾਂ ਓਨਟੇਰੀਓ ਦੀ ਸਿਹਤ ਪ੍ਰਣਾਲੀ ਚੱਲਣੀ ਚਾਹੀਦੀ ਹੈ – ਇਹ ਇਸ ਗੱਲ ਤੇ ਧਿਆਨ ਦਿੰਦਾ ਹੈ ਕਿ ਮਰੀਜ਼ ਦੀ ਲੋੜ ਕੀ ਹੈ, ਲੋੜ ਵੇਲੇ ਇਹ ਪ੍ਰੋਗਰਾਮ ਉਪਲਬਧ ਹੁੰਦਾ ਹੈ, ਅਤੇ ਇਹ ਮਰੀਜ਼ਾਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਦਾ ਹੈ। ਇਹ ਦਰਦ ਤੋਂ ਪਰ੍ਹੇ ਰਹਿਣ ਅਤੇ ਹਸਪਤਾਲ ਦੇ ਗੇੜੇ ਤੋਂ ਬਚਣ ਵਿੱਚ ਐਲੀਸ ਦੀ ਮਦਦ ਵੀ ਕਰਦਾ ਹੈ, ਅਤੇ ਸਿਹਤ ਸੇਵਾ ਪ੍ਰਣਾਲੀ ਦਾ ਖ਼ਰਚ ਬਚਾਉਂਦਾ ਹੈ।

# ਕਈ ਖੇਤਰਾਂ ਵਿੱਚ ਓਨਟੇਰੀਓ ਦੀ ਸਿਹਤ ਸੰਭਾਲ ਪ੍ਰਣਾਲੀ ਸੁਧਰ ਰਹੀ ਹੈ:



ਓਨਟੇਰੀਓ ਵੇਟ ਟਾਈਮ ਸਟ੍ਰੈਟਿਜੀ *(Ontario's Wait Time Strategy)*, ਜੋ ਪੰਜ ਸੇਵਾਵਾਂ (ਕੈਂਸਰ ਦੀ ਦੇਖ-ਰੇਖ, ਦਿਲ ਦੀ ਸੰਭਾਲ, ਲੱਕ ਅਤੇ ਗੋਡੇ ਬਦਲਣ, ਤਸ਼ਖੀਸੀ ਚਿਤਰਾਂ ਅਤੇ ਮੋਤੀਏ ਦੇ ਆਪ੍ਰੇਸ਼ਨ) ਲਈ ਵਾਰੀ ਛੇਤੀ ਆਉਣ ਲਈ ਵਿਉਂਤੀ ਗਈ ਹੈ, ਅਤੇ ਇਨ੍ਹਾਂ ਚੋਣਵੇਂ ਖੇਤਰਾਂ ਵਿੱਚ ਉਡੀਕਣ ਦਾ ਸਮਾਂ ਘਟਾ ਰਹੀ ਹੈ।

- ਕਾਮਯਾਬੀ ਨਿਸ਼ਾਨੇ ਨੂੰ ਮੁੱਖ ਰੱਖ ਕੇ ਚਲਾਈ ਨੀਤੀ ਅਤੇ ਵਧੀਕ ਧਨ ਲਾ ਕੇ ਹਾਸਲ ਕੀਤੀ ਗਈ ਸੀ। ਵਰਤਿਆ ਗਿਆ ਤਰੀਕਾ ਸਿਹਤ ਪ੍ਰਣਾਲੀ ਵਿਚਲੇ ਸੁਧਾਰ ਤੇ ਵਡੇਰੇ ਪੱਧਰ ਤੇ ਲਾਗੂ ਕੀਤਾ ਜਾ ਸਕਦਾ ਹੈ।
- 14 ਮਹੀਨੇ ਪਹਿਲਾਂ ਦੇ ਮੁਕਾਬਲੇ, ਅਕਤੂਬਰ-ਨਵੰਬਰ 2006 ਦੇ ਅੰਕੜਿਆਂ ਤੋਂ ਇਨ੍ਹਾਂ ਸੇਵਾਵਾਂ ਨੂੰ ਹਾਸਲ ਕਰਨ ਲਈ ਹਰ 10 ਵਿੱਚੋਂ 9 ਵਿਅਕਤੀਆਂ ਵੱਲੋਂ ਲਗਾਏ ਗਏ ਵਕਤ ਵਿੱਚ ਕਮੀ ਆਉਣ ਬਾਰੇ ਪਤਾ ਲੱਗਦਾ ਹੈ।

ਜਿਵੇਂ ਹੇਠਾਂ ਦਿੱਤੇ ਗਏ ਚਾਰਟ ਤੋਂ ਪਤਾ ਲੱਗਦਾ ਹੈ, ਹਰ ਰੋਜ਼ ਸਿਗਰਟਾਂ ਪੀਣ ਵਾਲੇ ਯੁਵਕਾਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਦੌਰਾਨ ਘਟ ਕੇ ਸਿਰਫ਼ 6 ਫੀ ਸਦੀ ਰਹਿ ਗਈ ਹੈ।

॥ਸੰਚਾਰ ਤਕਨਾਲੋਜੀ ਰਾਹੀਂ ਸੂਬੇ ਦੇ ਪੇਂਡੂ ਅਤੇ ਦੂਰ-ਦੁਰਾਡੇ ਇਲਾਕਿਆਂ ਵਿੱਚ ਮਾਹਿਰਾਨਾ ਸਿਹਤ ਦੇਖ-ਰੇਖ ਪਹੁੰਚਾ ਕੇ ਵੀ ਅਸੀਂ ਚੰਗੀ ਕਾਰਗੁਜ਼ਾਰੀ ਦਿਖਾ ਰਹੇ ਹਾਂ।

- ਓਨਟੇਰੀਓ ਵਿੱਚ 359 ਟੈਲੀਮੈਡੀਸਨ ਸੈਂਟਰ ਹਨ, ਜਿੱਥੇ ਕੰਪਿਊਟਰ ਸੰਪਰਕ ਅਤੇ ਵੀਡੀਓ ਉਪਕਰਣਾਂ ਰਾਹੀਂ ਲੋਕ ਲੰਮੀ ਦੂਰੀ ਤੇ ਬੈਠੇ ਮਾਹਿਰਾਂ ਨਾਲ "ਬਣਾਉਟੀ ਮਾਹੌਲ" ਵਿੱਚ ਮੁਲਾਕਾਤ ਕਰ ਸਕਦੇ ਹਨ, ਜੋ ਹੋ ਸਕਦਾ ਹੈ ਸੂਬੇ ਦੇ ਦੂਸਰੇ ਪਾਸੇ ਬੈਠੇ ਹੋਣ।
- ਸੰਨ 2005/2006 ਦੌਰਾਨ ਟੈਲੀਮੈਡੀਸਨ ਕਲਿਨਿਕਾਂ ਵਿੱਚ ਲਗਭਗ 23,500 ਫੇਰੀਆਂ ਪਈਆਂ।

ਅਸੀਂ ਹੋਰਨਾ ਖੇਤਰਾਂ ਵਿੱਚ ਵੀ ਬੇਹੱਦ ਤਰੱਕੀ ਕਰ ਰਹੇ ਹਨ।

- ਹਸਪਤਾਲਾਂ ਵਿੱਚ ਦਿਲ ਦਾ ਦੌਰਾ ਪੈਣ ਕਾਰਣ ਭਰਤੀ ਹੋਣ ਵਾਲੇ ਅਜਿਹੇ ਮਰੀਜ਼ਾਂ ਦੀ ਗਿਣਤੀ 85.5 ਫੀ ਸਦੀ ਤੋਂ ਵਧ ਕੇ 88.9 ਫੀ ਸਦੀ ਹੋ ਗਈ ਹੈ ਜੋ ਦੌਰਾ ਪੈਣ ਤੋਂ ਬਾਅਦ ਦੇ 30-ਦਿਨਾਂ ਦੇ ਨਾਜ਼ੁਕ ਅਰਸੇ ਦੌਰਾਨ ਬਚ ਜਾਂਦੇ ਹਨ।
- ਸੰਨ 2003 ਤੋਂ ਲੈ ਕੇ, ਪੰਜ ਲੱਖ ਵਧੀਕ ਲੋਕਾਂ ਨੇ ਕਿਹਾ ਹੈ ਕਿ ਉਨ੍ਹਾਂ ਦਾ ਕੋਈ ਬਾਕਾਇਦਾ ਡਾਕਟਰ ਹੈ, ਜਿਸ ਦਾ ਮਤਲਬ ਹੈ ਕਿ ਅਸੀਂ ਆਬਾਦੀ ਵਿਚਲੇ ਵਾਧੇ ਮੁਤਾਬਕ ਤਰੱਕੀ ਕਰ ਰਹੇ ਹਾਂ। ਇਹ ਚੰਗੀ ਖ਼ਬਰ ਹੈ ਪਰ ਇਸ ਤੋਂ ਪਹਿਲਾਂ ਕਿ ਇੱਛਾ ਰੱਖਣ ਵਾਲੇ ਹਰ ਓਨਟੇਰੀਓ ਵਾਸੀ ਨੂੰ ਪਰਿਵਾਰਕ ਡਾਕਟਰ ਮਿਲ ਸਕੇ, ਹਾਲੇ ਹੋਰ ਫ਼ਾਸਲਾ ਤੈਅ ਕਰਨਾ ਬਾਕੀ ਹੈ। ਸਾਨੂੰ ਪਤਾ ਹੈ ਕਿ ਕਈ ਕਮਿਊਨਿਟੀਆਂ ਵਿੱਚ ਫੈਮਿਲੀ ਡਾਕਟਰ ਲੱਭ ਸਕਣਾ ਮੁਸ਼ਕਲ ਹੋ ਸਕਦਾ ਹੈ ਅਤੇ ਨਵੇਂ ਇੰਮੀਗਰਾਂਟਾਂ ਦਾ ਡਾਕਟਰ ਹੋਣ ਦੀ ਸੰਭਾਵਨਾ ਗੈਰ-ਇੰਮੀਗਰਾਂਟ ਲੋਕਾਂ ਜਾਂ ਪੰਜ ਸਾਲ ਤੋਂ ਵਧੇਰੇ ਸਮੇਂ ਤੋਂ ਇੱਥੇ ਰਹਿ ਰਹੇ ਇੰਮੀਗਰਾਂਟਾਂ ਦੇ ਮੁਕਾਬਲੇ ਘੱਟ ਹਨ।

## ਤਮਾਖੂਨੋਸ਼ੀ ਘਟ ਰਹੀ ਹੈ

### ਉਮਰ ਅਤੇ ਲਿੰਗ ਅਨੁਸਾਰ ਰੋਜ਼ਾਨਾ ਸਿਗਟਰ ਪੀਣਾ 2000-2005

(12+ ਵਾਲੀ ਆਬਾਦੀ ਦੀ %)




12 ਸਾਲ ਅਤੇ ਵਡੇਰੀ ਉਮਰ ਦੀ ਆਬਾਦੀ ਦੀ ਪ੍ਰਤੀਸ਼ਤ ਜੋ ਰੋਜ਼ਾਨਾ ਸਿਗਰਟ ਪੀਣ ਬਾਰੇ ਦੱਸਦੇ ਹਨ। ਫਸਟ ਨੇਸ਼ਨਜ਼ ਲਈ ਰਾਖਵੇਂ ਇਲਾਕਿਆਂ ਅਤੇ ਸਰਕਾਰੀ ਜ਼ਮੀਨਾਂ ਤੇ ਰਹਿਣ ਵਾਲੇ ਵਿਅਕਤੀਆਂ, ਅਦਾਰਿਆਂ ਵਿੱਚ ਰਹਿਣ ਵਾਲਿਆਂ, ਕੈਨੇਡੀਆਂ ਹਥਿਆਰਬੰਦ ਫੌਜਾਂ ਦੇ ਫੁੱਲ-ਟਾਇਮ ਮੈਂਬਰਾਂ, ਅਤੇ ਕਈ ਖਾਸ ਦੂਰ-ਦੁਰਾਡੇ ਇਲਾਕਿਆਂ ਦੇ ਨਿਵਾਸੀਆਂ ਦੀ ਗਿਣਤੀ ਨਹੀਂ ਕੀਤੀ ਗਈ।

ਵਸੀਲਾ: ਓਨਟੇਰੀਓ ਹੈਲਥ ਸਿਸਟਮ ਸਕੋਰਕਾਰਡ, ਮਨਿਸਟਰੀ ਆਫ਼ ਹੈਲਥ ਐਂਡ ਲਾਂਗ-ਟਰਮ ਕੇਤਰ, 2005. ਅੰਕੜੇ ਕੈਨੇਡੀਅਨ ਕਮਿਊਨਿਟੀ ਹੈਲਥ ਸਰਵੇਖਣ (ਸਾਈਕਲ 1.1, 2.1 ਅਤੇ 3.1) ਅਤੇ ਕੈਨੇਡੀਅਨ ਟੋਬੈਕੋ ਯੂਸੇਜ਼ ਮੌਨੀਟਰਿੰਗ ਸਰਵੇ (ਸਟੈਟਿਸਟਿਕਸ ਕੈਨੇਡਾ) ਤੋਂ ਲਏ ਗਏ ਹਨ।

# ਅੱਗੇ ਨਿਗਾਹ ਮਾਰੀਏ ...

ਸਾਨੂੰ ਸਿਹਤ ਦੇਖ-ਰੇਖ ਦੀ ਪ੍ਰਣਾਲੀ ਦਾ ਮਿਆਰ ਸੁਧਾਰਨ ਲਈ ਯਤਨ ਕਰਦੇ ਹੀ ਰਹਿਣਾ ਚਾਹੀਦਾ ਹੈ। ਸੱਜੇ ਪਾਸੇ ਵਾਲਾ ਮਾਡਲ ਇਸ ਪ੍ਰਤੀ ਅਪਣਾਇਆ ਰਸਮੀ ਤਰੀਕਾ ਦਰਸਾਉਂਦਾ ਹੈ: ਅਸੀਂ ਕਾਰਜ ਚੰਗੇਰੇ ਤਰੀਕੇ ਨਾਲ ਅੰਜਾਮ ਦੇਣ ਲਈ ਚੰਗੇ ਸਿੱਧ ਹੋਏ ਤਰੀਕੇ ਅਪਣਾਉਂਦੇ ਹਾਂ, ਤਬਦੀਲੀ ਵਿਉਂਤਦੇ ਹਾਂ, ਮਾਪਦੇ ਹਾਂ ਕਿ ਇਹ ਕਿੰਨ੍ਹਾ ਕੁ ਚੰਗਾ ਚੱਲ ਰਹੀ ਹੈ, ਵਧੇਰੇ ਤਬਦੀਲੀਆਂ ਕਰਦੇ ਹਾਂ ਅਤੇ ਦੁਬਾਰੇ ਮਾਪਦੇ ਹਾਂ।

ਸਾਨੂੰ ਇਸ ਉੱਤੇ ਓਨਟੇਰੀਓ ਵਿੱਚ ਵਧੇਰੇ ਕੰਮ ਹੁੰਦਾ ਵੇਖਣ ਦੀ ਲੋੜ ਹੈ। ਸਾਨੂੰ ਅਜਿਹੇ ਸੇਵਾ ਪ੍ਰਦਾਨ ਕਰਨ ਵਾਲਿਆਂ ਦੀ ਮਦਦ ਕਰਨੀ ਚਾਹੀਦੀ ਹੈ ਜਿਹੜੇ ਆਪਣੇ ਵੱਲੋਂ ਪ੍ਰਦਾਨ ਕੀਤੀ ਜਾਂਦੀ ਦੇਖ-ਰੇਖ ਦਾ ਮਿਆਰ ਸੁਧਾਰਨਾ ਚਾਹੁਣ, ਅਤੇ ਇਸ ਨੂੰ ਸੰਭਵ ਬਣਾਉਣ ਲਈ ਸਾਡੇ ਵੱਲੋਂ ਦੇਖ-ਰੇਖ ਦਾ ਇੰਤਜ਼ਾਮ ਕਰਨ ਅਤੇ ਪ੍ਰਦਾਨ ਕਰਨ ਦੇ ਤਰੀਕੇ ਨੂੰ ਬਦਲਣਾ ਚਾਹੁਣ। ਜਿਵੇਂ ਕਿ ਅਸੀਂ ਆਪਣੀ 2006 ਦੀ ਰਿਪੋਰਟ ਵਿੱਚ ਕਿਹਾ ਹੀ ਹੈ, ਚੰਗੇਰੀਆਂ ਕੰਪਿਊਟਰ ਪ੍ਰਣਾਲੀਆਂ, ਜਿਨ੍ਹਾਂ ਵਿੱਚ ਹਰ ਮਰੀਜ਼ ਦਾ ਇਲੈਕਟ੍ਰਾਨਿਕੀ ਰਿਕਾਰਡ ਰੱਖਣਾ ਵੀ ਸ਼ਾਮਲ ਹੋਵੇ, ਦੇਖ-ਰੇਖ ਵਿੱਚ ਮਿਣਿਆ ਜਾ ਸਕਣ ਵਾਲਾ ਸੁਧਾਰ ਕਰਨਗੇ। ਸਾਡੀ ਪੂਰੀ ਰਿਪੋਰਟ ਵਿੱਚ, ਤੁਹਾਨੂੰ ਅਜਿਹੀਆਂ ਕਈ ਮਿਸਾਲਾਂ ਮਿਲਣਗੀਆਂ ਜਿੱਥੇ ਸਿਹਤ ਅਦਾਰੇ ਦੇਖ-ਰੇਖ ਦਾ ਮਿਆਰ ਸੁਧਾਰਨ ਲਈ ਸ਼ਾਨਦਾਰ ਕੰਮ ਅਤੇ ਸਹੀ ਅਗਵਾਈ ਦੀ ਨੁਮਾਇਸ਼ ਕਰਦੀਆਂ ਹਨ।

ਅਹਿਮ ਗੱਲ ਹੈ ਜਨਤਾ ਨੂੰ ਜਵਾਬਦੇਹ ਹੋਣਾ। ਬਾਕਾਇਦਾ, ਜਨਤਕ ਤੌਰ ਤੇ ਦਿੱਤੇ ਜਾਇਜ਼ੇ ਜਿਹੜੇ ਦੇਖ-ਰੇਖ ਨੂੰ ਮਾਪਦੇ ਅਤੇ ਇਸ ਦੀ ਦਰਜਾਬੰਦੀ ਕਰਦੇ ਹਨ, ਜਵਾਬਦੇਹੀ ਵਧਾਉਂਦੇ ਅਤੇ ਮਿਆਰ ਸੁਧਾਰਦੇ ਹਨ। ਓਨਟੇਰੀਓ ਦੀ ਸਿਹਤ ਦੇਖ-ਰੇਖ ਪ੍ਰਣਾਲੀ ਵਿੱਚ ਸਾਡੇ ਵੱਲੋਂ ਵੇਖੀਆਂ ਗਈਆਂ ਇਹ ਕੁੱਝ ਕੁ ਹੀ ਗੱਲਾਂ ਹਨ। ਇਹ ਅਜਿਹੀ ਇੱਕ ਮੁਕੰਮਲ, ਸਮੁੱਚੀ, ਕਾਰਗਰ, ਬਰਾਬਰੀ ਵਾਲੀ, ਧਨ ਦੇ ਲੋੜੀਂਦੇ ਨਿਵੇਸ਼ ਵਾਲੀ ਪ੍ਰਣਾਲੀ ਨਹੀਂ ਹੈ ਜੋ ਲੋਕ ਵੇਖਣਾ ਚਾਹੁੰਦੇ ਹਨ। ਪਰ ਜੇ ਓਨਟੇਰੀਓ ਦਾ ਹਰ ਨਾਗਰਿਕ ਦਿਲਚਸਪੀ ਲਵੇ ਅਤੇ ਸੁਧਾਰ ਤੇ ਜ਼ੋਰ ਦੇਵੇ, ਤਾਂ ਜਿਸ ਸਿਹਤ ਦੇਖ-ਰੇਖ ਲਈ ਅਸੀਂ ਪੈਸੇ ਦਿੰਦੇ ਹਾਂ ਅਤੇ ਸਾਂਝਾ ਰੱਖਦੇ ਹਾਂ, ਉਹ ਸਾਨੂੰ ਲੋੜ ਪੈਣ ਤੇ ਮੌਜੂਦ ਹੋਵੇਗਾ, ਅਤੇ ਹੋਵੇਗਾ ਵੀ ਆਹਲਾ ਦਰਜੇ ਦਾ।




ਡੈਮਿੰਗ, ਡਬਲਿਊ. ਐਡਵਰਡਜ਼। *Out of the Crisis*. ਐੱਮ.ਆਈ.ਟੀ. ਪ੍ਰੈੱਸ, 1986, ਅਤੇ ਸ਼ਿਊਹਾਰਟ, ਵਾਲਟਰ ਏ.। Statistical Method from the Viewpoint of Quality Control (1939), 1 ਦਸੰਬਰ 1986 ਨੂੰ ਡੋਬਰ ਪਬਲੀਕੇਸ਼ਨਜ਼ ਵੱਲੋਂ ਮੁੜ ਜਾਰੀ ਕੀਤੀ ਗਈ।

ਓਨਟੇਰੀਓ ਹੈਲਥ ਕੁਆਲਿਟੀ ਕੌਂਸਲ ਇੱਕ ਅਜਿਹਾ ਅਦਾਰਾ ਹੈ ਜੋ ਓਨਟੇਰੀਓ ਸਰਕਾਰ ਵੱਲੋਂ ਮਨਿਸਟਰੀ ਆਫ਼ ਹੈਲਥ ਐਂਡ ਲਾਂਗ-ਟਰਮ ਕੇਅਰ ਰਾਹੀਂ ਪੈਸਾ ਲਾ ਕੇ ਚਲਾਇਆ ਜਾਂਦਾ ਹੈ। ਸਰਕਾਰੀ ਪੈਸੇ ਨਾਲ ਮੁਹੱਈਆ ਕੀਤੀਆਂ ਜਾਂਦੀਆਂ ਸਿਹਤ ਸੇਵਾਵਾਂ ਹਾਸਲ ਕਰਨ, ਸਿਹਤ ਦੇਖ-ਰੇਖ ਦੇ ਖੇਤਰ ਵਿੱਚ ਮਨੁੱਖੀ ਵਸੀਲਿਆਂ, ਖ਼ਪਤਕਾਰ ਅਤੇ ਜਨਤਾ ਦੀ ਸਿਹਤ ਦੇ ਰੁਤਬੇ, ਅਤੇ ਸਿਹਤ ਪ੍ਰਣਾਲੀ ਦੇ ਨਤੀਜਿਆਂ ਬਾਰੇ ਓਨਟੇਰੀਓ ਹੈਲਥ ਕੁਆਲਿਟੀ ਕੌਂਸਲ ਸਿੱਧਾ ਓਨਟੇਰੀਓ ਦੇ ਲੋਕਾਂ ਨੂੰ ਰਿਪੋਰਟ ਕਰਦੀ ਹੈ। ਸਾਡੇ ਵੱਲੋਂ ਕੀਤੇ ਜਾਂਦੇ ਕੰਮਾਂ ਦਾ ਦੂਜਾ ਹਿੱਸਾ ਹੈ ਪ੍ਰਣਾਲੀ ਨੂੰ ਸੁਧਾਰਦੇ ਰਹਿਣ ਦੇ ਤਰੀਕੇ ਲੱਭਣਾ।

ਕੌਂਸਲ ਓਨਟੇਰੀਓ ਭਰ ਵਿੱਚੋਂ ਨਿਯੁਕਤ ਕੀਤੇ 10 ਮੈਂਬਰਾਂ ਦੀ ਬਣੀ ਹੋਈ ਹੈ ਜਿਨ੍ਹਾਂ ਦੀ ਹਸਪਤਾਲਾਂ ਦੇ ਪ੍ਰਸ਼ਾਸਨ, ਦਵਾਈਆਂ, ਅਕਾਦਮਿਕ ਅਤੇ ਖੋਜ ਕਾਰਜ, ਕਾਰੋਬਾਰਾਂ, ਜਨਤਾ ਅਤੇ ਸਿਹਤ ਨੀਤੀ, ਸਦਾਚਾਰ ਅਤੇ ਐਬਉਰਿਜਨਲ ਅਤੇ ਕਮਿਊਨਿਟੀ ਲੀਡਰਸ਼ਿੱਪ ਸਮੇਤ ਵਿਭਿੰਨ ਤਰਾਂ ਦੀ ਮੁਹਾਰਤ ਹੈ।

ਆਪਣੀ 2007 ਦੀ ਰਿਪੋਰਟ ਵਿਕਸਤ ਕਰਨ ਵਿੱਚ, ਅਸੀਂ ਆਮ ਲੋਕਾਂ ਅਤੇ ਸਿਹਤ ਖੇਤਰ ਦੇ ਵੱਖ-ਵੱਖ ਖੋਜੀਆਂ ਅਤੇ ਮਾਹਿਰਾਂ ਨਾਲ ਮਸ਼ਵਰਾ ਕੀਤਾ। ਜਿਨ੍ਹਾਂ ਨੇ ਇਸ ਦੇ ਅੰਸ਼ਾਂ ਵਿੱਚ ਯੋਗਦਾਨ ਪਾਇਆ, ਉਨ੍ਹਾਂ ਦੀ ਪੂਰੀ ਸੂਚੀ ਮੁਕੰਮਲ ਰਿਪੋਰਟ ਵਿੱਚ ਮਿਲ ਸਕਦੀ ਹੈ।

**ਸਾਡੀ ਮੁਕੰਮਲ ਰਿਪੋਰਟ ਦੀ ਇੱਕ ਕਾਪੀ ਲਈ ਜਾਂ ਓਨਟੇਰੀਓ ਹੈਲਥ ਕੁਆਲਿਟੀ ਕੌਂਸਲ ਬਾਰੇ ਵਧੇਰੇ ਜਾਣਕਾਰੀ ਲਈ, www.ohqc.ca ਵੇਖੋ ਜਾਂ ਸਾਨੂੰ 416-323-6868 ਤੇ, ਜਾਂ ਟੌਲ-ਫ੍ਰੀ 1-866-623-6868 ਤੇ ਕਾਲ ਕਰੋ।**









OHQC Ontario Health Quality Council

Ontario

© Queen's Printer for Ontario, 2007